ਅੱਜ ਦੀ ਆਵਾਜ਼

ਸ: ਪਰਮਜੀਤ ਸਿੰਘ ਸਰਨਾ ਪੰਜਾਬ 'ਚ ਜੱਥੇਬੰਦਕ ਢਾਂਚੇ ਦਾ ਐਲਾਨ 8 ਮਾਰਚ ਨੂੰ ਕਰਨਗੇ : ਬਲੀਏਵਾਲ

ਕੁਹਾੜਾ 4 ਮਾਰਚ (ਗੁਰਨਾਮ) " ਸ: ਪਰਮਜੀਤ ਸਿੰਘ ਸਰਨਾ, ਪ੍ਰਧਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ ਵਿੱਚ ਆਪਣੇ ਦਲ ਦੇ ਜੱਥੇਬੰਦਕ ਢਾਂਚੇ ਦਾ ਐਲਾਨ ਲੁਧਿਆਣਾ ਵਿਖੇ 8 ਮਾਰਚ ਨੂੰ ਗੁਰਦੁਆਰਾ ਸ਼ਹੀਦਾਂ ਮਾਡਲ ਟਾਊਨ ਵਿਖੇ ਕਰਨਗੇ।" ਇਹ ਵਿਚਾਰ ਜੱਥੇਦਾਰ ਜਸਵਿੰਦਰ ਸਿੰਘ ਬਲੀਏਵਾਲ ਨੇ ਕੁਹਾੜਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਗਟ ਕੀਤੇ। ਸ: ਬਲੀਏਵਾਲ ਜਿਹਨਾਂ ਨੂੰ ਸ: ਸਰਨਾ ਵਲੋ ਪੰਜਾਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਗਾਮੀ ਚੋਣਾਂ ਇੰਚਾਰਜ ਥਾਪਿਆ ਗਿਆ ਹੈ ਨੇ ਚੋਣਾਂ ਸਬੰਧੀ ਸਵਾਲਾ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਸਾਡਾ ਦਲ ਸਾਰੀਆਂ ਸੀਟਾਂ ਤੇ ਉਮੀਦਵਾਰ ਖੜ੍ਹੇ ਕਰੇਗਾ ਅਤੇ ਬਾਦਲ ਵਿਰੋਧੀ ਦਲਾਂ ਨਾਲ ਸਮਝੌਤਾ ਵੀ ਕੀਤਾ ਜਾ ਸਕਦਾ ਹੈ। ਉਹਨਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਕਿੰਨੇ ਸਾਲਾਂ ਤੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਬਜਾ ਚਲਿਆ ਆ ਰਿਹਾ ਹੈ, ਪਰ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਲਈ ਕਮੇਟੀ ਵੱਲੋ ਕੁੱਝ ਨਹੀ ਕੀਤਾ ਗਿਆ, ਇਹੋ ਕਾਰਨ ਹੈ ਕਿ ਪੰਜਾਬ ਵਿੱਚ ਸਿੱਖ ਨੌਜੁਆਨ ਨਸ਼ਿਆਂ ਅਤੇ ਪਤਿਤਪੁਣੇ ਵੱਲ ਵੱਧ ਰਹੇ ਹਨ। ਉਹਨਾਂ ਨੇ ਕਿਹਾ ਕਿ ਪੰਜਾਬ ਵਿੱਚ ਸਿੱਖ ਧਰਮ ਵਿੱਚ ਵਿਸਵਾਸ ਰੱਖਣ ਵਾਲੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਸ: ਪਰਮਜੀਤ ਸਿੰਘ ਸਰਨਾ ਨੂੰ ਪੂਰਾ ਸਹਿਯੋਗ ਦੇਵੇਗਾ।



ਪੁਲਿਸ ਪ੍ਰਸ਼ਾਸ਼ਨ ਬਣਿਆਂ ਸਿਆਸਤਦਾਨਾਂ ਅਤੇ ਜ਼ਰਵਾਣਿਆਂ ਦੀ ਕਠਪੁਤਲੀ : ਪੁਰਖਾਲਵੀ

ਮੋਹਾਲੀ 4 ਮਾਰਚ (ਵੀਨਾ ਰਾਜਪੂਤ) ਜ਼ਰਵਾਣਿਆਂ ਦੇ ਜਬਰ ਦੀ ਭੱਠੀ ਵਿੱਚ ਸੜ ਕੇ ਰਾਖ ਹੋ ਚੁੱਕੀ ਇੱਕ ਦਲਿਤ ਅਬਲਾ ਨੇ ਓਟ ਲੈਣ ਦੀ ਆਸ ਵਿੱਚ ਅੱਜ ਸਮਾਜ ਸੇਵੀ ਜਥੇਬੰਦੀ ਦਲਿਤ ਚੇਤਨਾ ਮੰਚ ਪੰਜਾਬ ਦੇ ਮੁਹਾਲੀ ਸਥਿਤ ਮੁੱਖ ਦਫ਼ਤਰ ਪਹੁੰਚ ਕੇ ਮੰਚ ਦੇ ਸੂਬਾਈ ਪ੍ਰਧਾਨ ਸ਼ਮਸ਼ੇਰ ਪੁਰਖਾਲਵੀ ਕੋਲ ਗੁਹਾਰ ਲਗਾਈ ਕਿ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਸਿਆਸਤਦਾਨਾਂ, ਪੁਲਿਸ ਪ੍ਰਸ਼ਾਸ਼ਨ ਅਤੇ ਸਰਮਾਏਦਾਰਾਂ ਦੀਆਂ ਵਧੀਕੀਆਂ ਤੋਂ ਬਚਾਇਆ ਜਾਵੇ ਅਤੇ ਖੁੱਸਿਆ ਰੋਜ਼ਗਾਰ ਮੁੜ ਬਹਾਲ ਕਰਵਾਇਆ ਜਾਵੇ। ਮਾਮਲੇ ਦੀ ਜਾਣਕਾਰੀ ਦਿੰਦਿਆਂ ਮੰਚ ਦੀ ਮੀਡੀਆ ਇੰਚਾਰਜ ਕੌਂਸਲਰ ਬਲਜੀਤ ਕੌਰ ਪੁਰਖਾਲਵੀ ਨੇ ਦੱਸਿਆ ਕਿ ਜਿਲ੍ਹੇ ਦੇ ਪਿੰਡ ਨਵਾਂ ਗਰਾਂਓ ਦੀ ਵਸਨੀਕ ਦਲਿਤ ਮਹਿਲਾ ਪ੍ਰਵੀਨ ਕੁਮਾਰੀ ਜਿਹੜੀ ਪਿਛਲੇ ਪੰਦਰਾਂ ਸਾਲਾਂ ਤੋਂ ਪਿੰਡ ਵਿੱਚ ਹੀ ਜਰੂਰੀ ਘਰੇਲੂ ਵਸਤਾਂ ਦੀ ਦੁਕਾਨ ਖੋਖਾ ਚਲਾ ਕੇ ਆਪਣੇ ਪਰਿਵਾਰ ਦਾ ਗੁਜ਼ਰ ਬਸ਼ਰ ਕਰ ਰਹੀ ਸੀ, ਦੀ ਦੁਕਾਨ ਤੇ ਨਾਜਾਇਜ਼ ਕਬਜ਼ਾ ਕਰਨ ਦੀ ਲਾਲਸਾ ਨਾਲ ਪਿੰਡ ਦਾ ਹੀ ਇੱਕ ਸਰਮਾਏਦਾਰ ਕੁਲਦੀਪ ਸਿੰਘ ਜਿਹੜਾ ਕਿ ਵਾਰਡ ਨੰਬਰ 13 ਦੀ ਮੌਜੂਦਾ ਕੌਂਸਲਰ ਦਾ ਪਤੀ ਹੈ, ਪਿਛਲੇ ਕੁਝ ਸਮੇਂ ਤੋਂ ਮਾਨਸਿਕ, ਸਮਾਜਿਕ ਅਤੇ ਆਰਥਿਕ ਤੌਰ ਤੇ ਤੰਗ ਪ੍ਰੇਸ਼ਾਨ ਕਰਦਾ ਆ ਰਿਹਾ ਹੈ ਤਾਂ ਜੋ ਉਸ ਨੂੰ ਉਸ ਥਾਂ ਤੋਂ ਉਜਾੜਿਆ ਜਾ ਸਕੇ। ਆਪਣੇ ਉਤੇ ਹੋ ਰਹੀਆਂ ਵਧੀਕੀਆਂ ਬਾਰੇ ਭਾਵੇਂ ਉਸ ਨੇ ਅਨੇਕਾਂ ਵਾਰ ਪੁਲਿਸ ਕੋਲ ਸ਼ਿਕਾਇਤ ਕੀਤੀ ਪ੍ਰੰਤੂ ਪਲਿਸ ਨੇ ਕੋਈ ਵੀ ਕਾਰਵਾਈ ਕਰਨ ਦੀ ਜਹਿਮਤ ਨਹੀਂ ਕੀਤੀ, ਕਿਉਂਕਿ ਦਲਿਤ ਔਰਤ ਨਾਲ ਵਧੀਕੀ ਕਰਨ ਵਾਲੇ ਅਖੌਤੀ ਲੀਡਰ ਨੂੰ ਸਥਾਨਕ ਵਿਧਾਇਕ ਦਾ ਸਿਆਸੀ ਅਸ਼ੀਰਵਾਦ ਹਾਸਲ ਹੈ।

ਪੁਲਿਸ ਦੀ ਅਤਿ ਘਟੀਆ ਦਰਜੇ ਦੀ ਇਸ ਮਾੜੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋ ਕੇ ਪੀੜਤ ਮਹਿਲਾ ਨੇ ਜਨਵਰੀ ਮਹੀਨੇ ਮਾਨਯੋਗ ਖਰੜ ਦੀ ਅਦਾਲਤ ਵਿੱਚ ਕੇਸ ਦਾਇਰ ਕਰ ਦਿੱਤਾ, ਜਿਸ ਨੇ ਉਸ ਕੋਲ ਮੌਜੂਦ ਤਮਾਮ ਸਬੂਤਾਂ ਦੇ ਆਧਾਰ ਤੇ ਇਸ ਥਾਂ ਦੇ ਉਸ ਦੇ ਨਾਮ ਸਟੇਅ ਦੇ ਹੁਕਮ ਜਾਰੀ ਕਰ ਦਿੱਤੇ। ਮਹਿਲਾ ਵੱਲੋਂ ਕੀਤੀ ਇਸ ਕਾਰਵਾਈ ਤੋਂ ਤੈਸ਼ ਵਿੱਚ ਆਏ ਦੋਸ਼ੀ ਕੁਲਦੀਪ ਸਿੰਘ ਨੇ ਉਸ ਨੂੰ ਜਾਤੀ ਤੌਰ ਤੇ ਅਪਸ਼ਬਦ ਬੋਲ ਕੇ ਜ਼ਲੀਲ ਕੀਤਾ, ਗਾਲੀ ਗਲੋਚ ਕੀਤਾ ਅਤੇ ਪਰਿਵਾਰ ਦਾ ਜਾਨੀ ਮਾਲੀ ਨੁਕਸਾਨ ਕਰਨ ਦੀਆਂ ਅਸਿਹ ਧਮਕੀਆਂ ਵੀ ਦਿੱਤੀਆਂ ਬੀਤੇ 28 ਫਰਵਰੀ ਦੀ ਰਾਤ ਨੂੰ ਉਕਤ ਦੋਸ਼ੀ ਨੇ ਰਾਤ ਦੇ ਸਮੇਂ ਮਹਿਲਾ ਦੀ ਦੁਕਾਨ ਨੂੰ ਅੰਦਰ ਪਏ ਸਾਮਾਨ ਸਮੇਤ ਪੁਲਿਸ ਦੀ ਕਥਿਤ ਮਿਲੀ ਭੁਗਤ ਨਾਲ ਅਦਾਲਤੀ ਹੁਕਮਾਂ ਦੀ ਪ੍ਰਵਾਹ ਨਾ ਕਰਦਿਆਂ ਤਹਿਸ ਨਹਿਸ ਕਰ ਦਿੱਤਾ। ਇਸ ਮੌਕੇ ਹਾਜ਼ਰ ਪੀੜਤ ਮਹਿਲਾ ਨੇ ਦੱਸਿਆ ਕਿ ਜਦੋਂ ਉਹ ਇਸ ਦੀ ਸ਼ਿਕਾਇਤ ਲੇ ਕੇ ਸਵੇਰੇ ਥਾਣੇ ਗਈ ਤਾਂ ਪੁਲਿਸ ਨੇ ਦੋਸ਼ੀ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਉਸ ਨੂੰ ਹੀ ਜ਼ਲੀਲ ਕਰਕੇ ਥਾਣੇ ਵਿੱਚੋਂ ਕੱਢ ਦਿੱਤਾ।

ਚਰਨ ਸਿੰਘ ਰਾਮਗੜ ਨੇ ਟਰੱਕ ਯੂਨੀਅਨ ਭਾਦਸੋਂ ਦੀ ਚੋਣ ਵੱਡੇ ਫਰਕ ਨਾਲ ਜਿੱਤੀ

ਭਾਦਸੋਂ,4 ਮਾਰਚ, (ਗੌਰਵ ਸੂਦ) - ਟਰੱਕ ਯੂਨੀਅਨ ਭਾਦਸੋਂ ਦੀ ਪ੍ਰਧਾਨਗੀ ਦੀ ਚੋਣ ਨਾਇਬ ਤਹਿਸੀਲਦਾਰ ਪਰਮਿੰਦਰ ਸਿੰਘ ਕੁਲਾਰ ਦੀ ਨਿਗਰਾਨੀ ਹੇਠ ਹੋਈ ਟਰੱਕ ਯੂਨੀਅਨ ਭਾਦਸੋਂ ਦੇ ਮੁੱਖ ਦਫਤਰ ਵਿਖੇ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਹੋਈ ਜਿਸ ਵਿਚ ਕੁੱਲ 211 ਵੋਟਾਂ ਵਿਚੋਂ 209 ਵੋਟਾਂ ਪੋਲ ਹੋਈਆਂ। ਸ਼੍ਰੋਮਣੀ ਅਕਾਲੀ ਦੇ ਉਮੀਦਵਾਰ ਚਰਨ ਸਿੰਘ ਰਾਮਗੜ ਨੂੰ 174 ਵੋਟਾਂ ਅਤੇ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਮੱਖਣ ਸਿੰਘ ਸਹੌਲੀ ਨੂੰ 35 ਵੋਟਾਂ ਪ੍ਰਾਪਤ ਹੋਈਆਂ। ਇਸ ਤਰਾਂ ਅਕਾਲੀ ਦਲ ਦੇ ਉਮੀਦਵਾਰ ਚਰਨ ਸਿੰਘ ਰਾਮਗੜ ਵੱਡੇ ਫਰਕ ਨਾਲ ਟਰੱਕ ਯੂਨੀਅਨ ਭਾਦਸੋਂ ਦੇ ਪ੍ਰਧਾਨਗੀ ਦੀ ਚੋਣ ਜਿੱਤ ਲਈ ਹੈ। ਵੋਟਾਂ ਪਾਉਣ ਤੋਂ ਬਾਅਦ ਤੁਰੰਤ ਗਿਣਤੀ ਕਰਕੇ ਚਰਨ ਸਿੰਘ ਰਾਮਗੜ ਨੂੰ ਜੇਤੂ ਕਰਾਰ ਦਿੱਤਾ ਗਿਆ। ਚੋਣ ਜਿੱਤਣ ਉਪਰੰਤ ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ ਅਤੇ ਲਖਵੀਰ ਸਿੰਘ ਲੌਟ ਚੇਅਰਮੈਨ ਮਾਰਕੀਟ ਕਮੇਟੀ ਭਾਦਸੋਂ ਨੇ ਟਰੱਕ ਆਪ੍ਰੇਟਰਾਂ ਨੂੰ ਵਧਾਈ ਦਿੱਤੀ। ਅਤੇ ਚਰਨ ਸਿੰਘ ਰਾਮਗੜ ਦੇ ਸਮਰਥਕਾਂ ਨੇ ਉਨਾਂ ਨੂੰ ਹਾਰਾਂ ਨਾਲ ਲੱਦ ਦਿੱਤਾ ਅਤੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਸ੍ਰ: ਰਾਮਗੜ ਨੇ ਕਿਹਾ ਕਿ ਉਹ ਟਰੱਕ ਆਪ੍ਰੇਟਰਾਂ ਦਾ ਧੰਨਵਾਦ ਕਰਦੇ ਹਨ ਜਿਨਾਂ ਨੇ ਉਨਾਂ ਨੂੰ ਦੁਬਾਰਾ ਪ੍ਰਧਾਨ ਚੁਣ ਕੇ ਮਾਨ ਬਖਸ਼ਿਆ ਹੈ। ਉਨਾਂ ਕਿਹਾ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਸਤਵਿੰਦਰ ਸਿੰਘ ਟੌਹੜਾ ਮੈਂਬਰ ਸ਼੍ਰੋਮਣੀ ਪ੍ਰਬੰਧਕ ਕਮੇਟੀ,ਲਖਵੀਰ ਸਿੰਘ ਲੌਟ ਚੇਅਰਮੈਨ ਮਾਰਕੀਟ ਕਮੇਟੀ ਭਾਦਸੋਂ ਦਰਬਾਰਾ ਸਿੰਘ ਖੱਟੜਾ, ਕਰਨੈਲ ਸਿੰਘ ਮਟੋਰੜਾ ਅਕਾਲੀ ਆਗੂ, ਗੁਰਮੀਤ ਸਿੰਘ ਭੱਟੋਂ, ਬਲਜਿੰਦਰ ਸਿੰਘ ਬੱਬੂ, ਪਾਲ ਸਿੰਘ ਭਾਦਸੋਂ, ਰਣਜੀਤ ਸਿੰਘ ਨੱਤ,ਸਰੂਪ ਸਿੰਘ ਸਾਬਕਾ ਸਰਪੰਚ ਮਟੋਰੜਾ, ਪ੍ਰੇਮ ਕੁਮਾਰ ਆੜਤੀ, ਗੁਰਜੰਟ ਸਿੰਘ ਮਟੋਰੜਾ ਸਮੇਤ ਅਕਾਲੀ ਆਗੂ ਮੋਜੂਦ ਸਨ ਜਿਨਾਂ ਨੇ ਪ੍ਰਧਾਨ ਚਰਨ ਸਿੰਘ ਰਾਮਗੜ ਨੂੰ ਵਧਾਈ ਦਿੱਤੀ। ਇੱਥੇ ਇਹ ਜ਼ਿਕਰਯੋਗ ਹੈ ਕਿ ਟਰੱਕ ਯੂਨੀਅਨ ਭਾਦਸੋਂ ਦੀ ਪ੍ਰਧਾਨਗੀ ਦੀ ਚੋਣ ਨੂੰ ਲੈ ਕੇ ਪਿਛਲੇ ਕਈ ਦਿਨਾਂ ਤੋਂ ਸਰਗਰਮੀਆਂ ਚਲ ਰਹੀਆਂ ਸਨ। ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਜਸਵਿੰਦਰ ਸਿੰਘ ਜੇਜੀ ਖਨੌੜਾ ਗਰੁੱਪ ਵੱਲੋਂ ਇਸ ਚੋਣ ਸੰਬਧੀ 1 ਮਾਰਚ ਨੂੰ ਧਰਨਾ ਦਿੱਤਾ ਗਿਆ ਸੀ ਅਤੇ ਧਰਨੇ ਦੌਰਾਨ ਖਨੌੜਾ ਗਰੁੱਪ ਵੱਲੋਂ ਇਸ ਚੋਣ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਗਿਆ ਸੀ। ਚੋਣ ਜਿੱਤਣ ਉਪਰੰਤ ਚਰਨ ਸਿੰਘ ਰਾਮਗੜ ਦੇ ਸਮਰੱਥਕਾਂ ਨੇ ਢੋਲ ਢਮੱਕੇ ਨਾਲ ਇੱਕ ਜਲਸੇ ਦੇ ਰੂਪ ਵਿਚ ਗੁਰਦੁਆਰਾ ਸਾਹਿਬ ਭਾਦਸੋਂ ਵਿਖੇ ਮੱਥਾ ਟੇਕਿਆ।

ਪੱਤਰਕਾਰ ਰਾਜੀਵ ਬਾਂਸਲ ਨੂੰ ਸਦਮਾ, ਪਿਤਾ ਦੀ ਮੌਤ

ਗਿੱਦੜਬਾਹਾ, 4 ਮਾਰਚ (ਰਾਜੀਵ)-ਕੱਲ੍ਹ ਗਿੱਦੜਬਾਹਾ ਦੇ ਪੱਤਰਕਾਰ ਰਾਜੀਵ ਬਾਂਸਲ ਦੇ ਪਿਤਾ ਸ੍ਰੀ ਹੰਸ ਰਾਜ ਬਾਂਸਲ, ਜੋ ਪੋਸਟ ਮਾਸਟਰ ਦੇ ਪਦ ਤੋਂ ਰਿਟਾਇਰ ਹੋ ਕੇ ਨਿਊਜ਼ ਏਜੰਸੀ ਦਾ ਕਾਰੋਬਾਰ ਸੰਭਾਲਦੇ ਸਨ, ਅਚਾਨਕ ਉਨ੍ਹਾਂ ਦਾ 75 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਕੱਲ੍ਹ ਉਨ੍ਹਾਂ ਦਾ ਸੰਸਕਾਰ ਸਥਾਨਿਕ ਸ਼ਿਵ ਪੁਰੀ ਵਿੱਚ ਕਰ ਦਿੱਤਾ ਗਿਆ। ਇਸ ਮੌਕੇ ਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੁਭਾਸ਼ ਜੈਨ ਲਿੱਲ਼ੀ, ਸਾਬਕਾ ਉੱਪ ਪ੍ਰਧਾਨ ਬਲਦੇਵ ਕ੍ਰਿਸ਼ਨ, ਸਾਬਕਾ ਵਿਧਾਇਕ ਦੇ ਪੁੱਤਰ ਦੀਪਕ ਗਰਗ, ਬਾਬਾ ਗੰਗਾ ਰਾਮ ਡੇਰਾ ਦੇ ਪ੍ਰਧਾਨ ਸੁਰਿੰਦਰ ਜੈਨ (ਹਿੰਦੀ) ਠੇਕੇਦਾਰ ਰਮੇਸ਼ ਬਾਂਸਲ, ਸਾਬਕਾ ਕੌਂਸਲਰ ਸਵਰਨ ਸਿੰਘ, ਪੱਤਰਕਾਰ ਸਤੀਸ਼ ਗੋਇਲ, ਸੰਦੀਪ ਗੋਇਲ, ਗੁਲਸ਼ਨ ਕੁਮਾਰ, ਬਲਦੇਵ ਗਰਗ, ਡਾ. ਬਲਤੇਜ ਸਿੰਘ, ਮਹਿੰਦਰ ਰਾਠੌੜ, ਬ੍ਰਹਮ ਨਰਾਇਣ ਸ਼ਾਸਤਰੀ ਤੋਂ ਇਲਾਵਾ ਸ਼ਹਿਰ ਦੇ ਪ੍ਰਮੁੱਖ ਪਤਵੰਤੇ ਲੋਕ ਅਤੇ ਨਜ਼ਦੀਕੀ ਸ਼ਹਿਰਾਂ ਤੋਂ ਆਏ ਪੱਤਰਕਾਰ ਅਤੇ ਰਿਸ਼ਤੇਦਾਰ ਤੇ ਮਿੱਤਰ ਸੰਬੰਧੀ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

ਜਲੰਧਰ ਜਮਸ਼ੇਰ ਡੇਅਰੀ ਕੰਪਲੈਕਸ ਨੇੜੇ ਚਿਤੇਆਣੀ ਕਲੋਨੀ ਵਿੱਚ ਵਿਸ਼ਵ ਦੇ ਪਹਿਲੇ ਰਾਹੂ ਧਾਮ ਮੰਦਰ ਦੀ ਸਥਾਪਨਾ ਕੀਤੀ ਗਈ। ਤਸਵੀਰ ਵਿੱਚ ਰੰਗਲਾ ਰੇਡੀਓ ਦੇ ਐਮ.ਡੀ. ਸ੍ਰੀ ਅਮਰਜੀਤ ਸਿੰਘ ਮੰਦਰ ਦੇ ਉਦਘਾਟਨ ਸਮੇਂ ਪੂਜਾ ਵਿੱਚ ਹਿੱਸਾ ਲੈਂਦੇ ਹੋਏ ਇਸ ਮੌਕੇ ਰਾਹੂ ਧਾਮ ਮੰਦਰ ਵਿੱਚ ਸ਼ਿਵ ਪਰਿਵਾਰ ਦੀ ਮੂਰਤੀ ਸਥਾਪਤ ਕੀਤੀ ਗਈ। ਤਸਵੀਰ ਵਿੱਚ ਹੋਰਨਾਂ ਤੋਂ ਇਲਾਵਾ ਬ੍ਰਿਜ ਮੋਹਨ ਸੇਖੜੀ, ਜਿੰਮੀ ਕਾਲੀਆ, ਚੰਦੂ ਸਿਮਕਾ, ਐਮ.ਡੀ. ਜੈਸਿਕਾ ਕਨਸਲਟੈਂਟ, ਹਰਜਿੰਦਰ ਸਿੰਘ, ਸੁਖਵਿੰਦਰ ਸਿੰਘ, ਰਾਹੂ ਧਾਮ ਦੇ ਸੰਸਥਾਪਕ ਸ੍ਰੀ ਰਾਕੇਸ਼ ਆਦਿ ਦਿਖਾਈ ਦੇ ਰਹੇ ਹਨ। ਇਹ ਮੰਦਰ ਗੁਰੂ ਜੀ ਟਰੱਸਟ ਵੱਲੋਂ ਉਸਾਰਿਆਂ ਜਾ ਰਿਹਾ ਹੈ।

ਵਡਾਲਾ, ਵੀਰਮ, ਭੋਮਾਂ ਸਕੂਲ ਦਾ ਮੈਡਮ ਸਤਿੰਦਰ ਅਜਾਦ ਨੇ ਅਹੁਦਾ ਸੰਭਾਲਿਆ

ਮਜੀਠਾ, 4 ਮਾਰਚ (ਪ.ਪ.) ਇਥੋਂ ਦੇ ਨਜ਼ਦੀਕ ਪਿੰਡ ਵਡਾਲਾ ਵਿਖੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਵਡਾਲਾ ਵੀਰਮ ਭੋਮਾਂ ਦਾ ਪ੍ਰਿੰਸੀਪਲ ਮੈਡਮ ਸਤਿੰਦਰ ਅਜਾਦ ਨੇ ਬੀਤੇ ਦਿਨੀ ਅਹੁਦਾ ਸੰਭਾਲ ਲਿਆ। ਇਸ ਮੌਕੇ ਪ੍ਰਿੰਸੀਪਲ ਮੈਡਮ ਦਾ ਸਕੂਲ ਦੇ ਸਮੂਹ ਸਟਾਫ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਮੈਡਮ ਸਤਿੰਦਰ ਅਜਾਦ ਨੇ ਆਹੁਦਾ ਸੰਭਾਲਣ ਉਪਰੰਤ ਕਿਹਾ ਕਿ ਸਕੂਲ ਦੇ ਬੱਚਿਆਂ ਨੂੰ ਪੜਾਈ ਦੇ ਨਾਲ ਨਾਲ ਖੇਡਾਂ ਵਿਚ ਵੀ ਉਤਸ਼ਾਹਿਤ ਕਰਨ ਦਾ ਉਪਰਾਲਾ ਕੀਤਾ ਜਾਵੇਗਾ। ਇਸ ਮੌਕੇ ਸ੍ਰੀਮਤੀ ਰਮਿੰਦਰ ਬਜਾਜ, ਹਰਭਜਨ ਸਿੰਘ, ਬਲਦੇਵ ਸਿੰਘ, ਸੁਖਵਿੰਦਰ ਕੌਰ, ਜਸਬੀਰ ਕੌਰ, ਨਿਰਮਲ ਸਿੰਘ, ਕਮਲੇਸ਼ ਕੁਮਾਰੀ, ਕੁਲਬੀਰ ਕੌਰ, ਇੰਦਰਜੀਤ ਕੌਰ, ਗੁਰਵਿੰਦਰ ਸਿੰਘ, ਜਸਜੀਤ ਸਿੰਘ, ਗੁਰਿੰਦਰ ਕੌਰ, ਕਰਮਜੀਤ ਕੌਰ, ਚਰਨਜੀਤ ਕੌਰ, ਬਿਕਰਮਜੀਤ ਸਿੰਘ, ਗਗਨਦੀਪ ਕੌਰ, ਕਮਲਜੀਤ ਕੌਰ, ਵਿਜੈ ਕੁਮਾਰ ਆਦਿ ਸਟਾਫ ਮੈਂਬਰ ਹਾਜ਼ਰ ਸਨ।

ਪ੍ਰਸ਼ੋਤਮ ਕਾਂਸਲ ਪ੍ਰਧਾਨ ਬਣੇ

ਭਵਾਨੀਗੜ੍ਹ, 4 ਮਾਰਚ (ਲਖਵਿੰਦਰ ਪਾਲ ਗਰਗ)-ਸਥਾਨਕ ਰਾਮ ਆਸ਼ਰਮ ਵਿਖੇ ਅੱਜ ਭਾਜਪਾ ਮੰਡਲ ਦੀ ਪ੍ਰਧਾਨਗੀ ਨੂੰ ਲੈ ਕੇ ਹੋਈ ਚੋਣ ਦੌਰਾਨ ਪ੍ਰਸ਼ੋਤਮ ਕਾਂਸਲ ਨੂੰ ਪ੍ਰਧਾਨ ਤੇ ਜੀਵਨ ਕੁਮਾਰ ਠੇਕੇਦਾਰ ਨੂੰ ਜਨਰਲ ਸਕੱਤਰ ਬਣਾਇਆ ਗਿਆ। ਇਸ ਚੋਣ ਪ੍ਰਕਿਰਿਆ ਸਬੰਧੀ

ਰੱਖੀ ਗਈ ਭਾਜਪਾ ਦੀ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਜਤਿੰਦਰ ਕਾਲੜਾ, ਇੰਪਰੂਵਮੈਂਟ ਦੀ ਚੇਅਰਪਰਸਨ ਇਨੂੰ ਸਿੰਗਲਾ, ਮੋਹਨ ਲਾਲ ਗਰਗ ਐਡਵੋਕੇਟ ਮੈਂਬਰ ਆਲ ਇੰਡੀਆ ਕੌਂਸਲ ਭਾਜਪਾ, ਪ੍ਰੇਮ ਕੁਮਾਰ ਗੁਗਲਾਨੀ, ਸਤਵੰਤ ਸਿੰਘ ਪੂਨੀਆਂ, ਨਵਲ ਕਾਂਸਲ, ਵਿੱਕਰਮ ਪਾਲੀ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਆਗੂਆਂ ਨੇ ਭਾਗ ਲਿਆ। ਭਾਜਪਾ ਨੂੰ ਹੋਰ ਮਜ਼ਬੂਤ ਕਰਨ ਬਾਰੇ ਵਿਚਾਰ ਵਟਾਂਦਰਾ ਕਰਦਿਆਂ ਹੋਏ ਪਹਿਲੇ ਮੰਡਲ ਦੇ ਪ੍ਰਧਾਨ ਬਬਲੇਸ਼ ਗੋਇਲ ਵੱਲੋਂ ਕੀਤੇ ਕੰਮਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਫਿਰ ਮੰਡਲ ਦੀ ਪ੍ਰਧਾਨਗੀ ਨੂੰ ਲੈ ਕੇ ਚੋਣ ਪ੍ਰਕਿਰਿਆ ਸ਼ੁਰੂ ਕੀਤੀ ਗਈ, ਜਿਸ ਤਹਿਤ ਪਾਰਟੀ ਦੇ ਉੱਚ ਆਗੂਆਂ ਤੇ ਵਰਕਰਾਂ ਨੇ ਬੰਦ ਕਮਰੇ ਵਿੱਚ ਕੀਤੇ ਸਲਾਹ ਮਸ਼ਵਰੇ ਬਾਅਦ ਪਹਿਲੇ ਪ੍ਰਧਾਨ ਬਬਲੇਸ਼ ਕੁਮਾਰ ਨੇ ਪ੍ਰਸ਼ੋਤਮ ਕਾਂਸਲ ਦਾ ਨਾਮ ਮੰਡਲ ਦੀ ਪ੍ਰਧਾਨਗੀ ਲਈ ਪੇਸ਼ ਕੀਤਾ ਗਿਆ, ਜਿਸ ਦਾ ਮੰਡਲ ਦੇ ਆਗੂਆਂ ਤੇ ਵਰਕਰਾਂ ਨੇ ਤਾੜੀਆਂ ਮਾਰ ਕੇ ਉਸ ਦਾ ਸਵਾਗਤ ਕਰਦਿਆਂ ਪ੍ਰਧਾਨ ਮੰਨਿਆ ਗਿਆ। ਇਸ ਤੋਂ ਬਾਅਦ ਨਵੇਂ ਚੁਣੇ ਪ੍ਰਧਾਨ ਨੇ ਮੰਡਲ ਦੇ ਜਨਰਲ ਸਕੱਤਰ ਲਈ ਜੀਵਨ ਕੁਮਾਰ ਠੇਕੇਦਾਰ ਦਾ ਨਾਮ ਪੇਸ਼ ਕੀਤਾ ਤੇ ਇਸ ਨੂੰ ਵੀ ਤਾੜੀਆਂ ਮਾਰ ਕੇ ਸਹਿਮਤੀ ਦਿੱਤੀ ਗਈ ਤੇ ਦੋਵੇਂ ਨਵੇਂ ਚੁਣੇ ਗਏ ਆਗੂਆਂ ਦਾ ਪਾਰਟੀ ਵੱਲੋਂ ਹਾਰ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾ. ਕਸ਼ਮੀਰੀ ਲਾਲ ਮਿੱਤਲ, ਨਗਰ ਕੌਂਸਲ ਦੇ ਪ੍ਰਧਾਨ ਭਾਗ ਸਿੰਘ, ਰਵਿੰਦਰ ਸਿੰਘ ਠੇਕੇਦਾਰ, ਰਾਜ ਕੁਮਾਰ ਸ਼ਰਮਾ, ਦਿਨੇਸ਼ ਮਿੱਤਲ, ਵਿਜੈ ਕੁਮਾਰ, ਨਾਹਰ ਸਿੰਘ ਨਾਰੀ, ਸੁਖਜਿੰਦਰ ਸਿੰਘ ਗੀਟੂ ਆਦਿ ਹਾਜ਼ਰ ਸਨ।

ਚੋਰਾਂ ਵੱਲੋਂ 15 ਬੋਤਲਾਂ ਸ਼ਰਾਬ ਤੇ ਨਗਦੀ ਚੋਰੀ

ਗੁਰੂਹਰਸਹਾਏ, 4 ਮਾਰਚ (ਵਰਿਆਮ ਸਿੰਘ ਵਾਸਨ) : ਬਲਾਕ ਗੁਰੂਹਰਸਹਾਏ ਇਲਾਕੇ ਅੰਦਰ ਲਗਾਤਾਰ ਚੱਲ ਰਹੀਆਂ ਚੋਰੀ ਦੀਆਂ ਵਾਰਦਾਤਾਂ ਅਜੇ ਵੀ ਜਾਰੀ ਹਨ ਪੁਲਸ ਪ੍ਰਸ਼ਾਸ਼ਨ ਇਸ ਪਾਸੇ ਕੋਈ ਖਾਸ ਧਿਆਨ ਨਹੀਂ ਦੇ ਰਿਹਾ। ਇਥੋਂ 3 ਕਿਲੋਮੀਟਰ ਦੂਰ ਪਿੰਡ ਮੋਹਨ ਕੇ ਉਤਾੜ ਵਿਖੇ ਬੀਤੀ ਰਾਤ ਚੋਰਾਂ ਵੱਲੋਂ ਇਕ ਗਰੀਬ ਦੀ ਦੁਕਾਨ ਭੰਨ ਕੇ ਜੋ ਆਪਣੀ ਰੋਜ਼ੀ ਰੋਟੀ ਲਈ ਠੇਕੇਦਾਰਾਂ ਵੱਲੋਂ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਵੇਚਣ ਦਾ ਕਾਰੋਬਾਰ ਕਰਦਾ ਹੈ। ਉਸ ਦੀ ਦੁਕਾਨ ਤੋਂ ਬੀਤੀ ਰਾਤ ਚੋਰਾਂ ਨੇ 15 ਬੋਤਲਾਂ ਸ਼ਰਾਬ ਅਤੇ 500 ਰੁਪਏ ਦੀ ਨਗਦੀ, ਤੇ ਨਾਲ ਹੀ ਵਾਲ ਕਟਿੰਗ ਦਾ ਸਾਮਾਨ ਜਿਸ ਵਿਚ ਛੋਟੇ ਔਜਾਰ ਜਿੰਨ੍ਹਾਂ ਦੀ ਕੀਮਤ ਲਗਪਗ 500 ਰੁਪਏ ਬਣਦੀ ਹੈ, ਲੈ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਦੁਕਾਨ ਮਾਲਕ ਅਜੀਤ ਸਿੰਘ ਰੌਣਕ ਨੇ ਦੱਸਿਆ ਕਿ ਉਹ ਆਪਣਾ ਅਤੇ ਆਪਣੇ ਪਰਿਵਾਰ ਦਾ ਪੇਟ ਭਰਨ ਲਈ ਦੁਕਾਨ 'ਤੇ ਅੰਗਰੇਜ਼ੀ ਅਤੇ ਦੇਸ਼ੀ ਸ਼ਰਾਬ ਵੇਚਣ ਦਾ ਕੰਮ ਕਰਦਾ ਹੈ। ਉਹ ਹਰ ਰੋਜ਼ ਦੀ ਤਰ੍ਹਾਂ ਕਰੀਬ 9 ਵਜੇ ਬੰਦ ਕਰਕੇ ਆਪਣੇ ਘਰ ਚਲਾ ਗਿਆ, ਜਿਸ ਪਿੱਛੋਂ ਉਸ ਨੂੰ ਰਾਤ ਲਗਪਗ 10 ਵਜੇ ਕਾਲਾ ਸਿੰਘ ਪੁੱਤਰ ਬੱਗਾ ਸਿੰਘ ਜੋ ਕੀ ਆਪਣੇ ਕੰਮ ਤੋਂ ਵਾਪਸ ਆ ਰਿਹਾ ਸੀ, ਨੇ ਫੋਨ ਕਰਕੇ ਸੂਚਿਤ ਕੀਤਾ। ਜਦੋਂ ਅਜੀਤ ਸਿੰਘ ਨੇ ਜਾ ਕੇ ਦੇਖਿਆ ਤਾਂ ਉਸ ਦੀ ਦੁਕਾਨ ਨੂੰ ਸੰਨ ਲਾ ਕੇ ਚੋਰ ਆਪਣਾ ਕੰਮ ਕਰਕੇ ਜਾਂ ਚੁੱਕੇ ਸਨ। ਇਸ ਸਬੰਧੀ ਪੁਲਸ ਚੌਂਕੀ ਗੋਲੂ ਕਾ ਮੋੜ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

ਇੰਸ. ਸਰਦਾਰੀ ਲਾਲ ਨਮਿਤ ਅੰਤਿਮ ਅਰਦਾਸ ਅੱਜ

ਮਜੀਠਾ: ਇੰਸਪੈਕਟਰ ਸਿਵਲ ਸਪਲਾਈਜ਼ ਸ੍ਰੀ ਸਰਦਾਰੀ ਲਾਲ ਦਾ ਜਨਮ 20 ਜੂਨ 1953 ਨੂੰ ਪਿਤਾ ਮਿਲਖੀ ਰਾਮ ਦੇ ਗ੍ਰਹਿ ਮਾਤਾ ਗੁਪਾਲ ਦੇਵੀ ਦੀ ਕੁੱਖੋਂ ਹੋਇਆ। ਖਾਲਸਾ ਕਾਲਜ ਅੰਮ੍ਰਿਤਸਰ ਅਤੇ ਹਿੰਦੂ ਕਾਲਜ ਅੰਮ੍ਰਿਤਸਰ ਤੋਂ ਸਿੱਖਿਆ ਪ੍ਰਾਪਤ ਕਰਕੇ ਆਪ ਜੀ ਸਿਵਲ ਸਪਲਾਈਜ਼ ਮਹਿਕਮੇ ਵਿੱਚ ਬਤੌਰ ਇੰਸਪੈਕਟਰ ਭਰਤੀ ਹੋ ਗਏ। ਜਿਹੜੇ ਕੀ 23 ਫਰਵਰੀ 2010 ਨੂੰ ਸਾਨੂੰ ਸਾਰਿਆਂ ਨੂੰ ਅਚਾਨਕ ਸਦੀਵੀਂ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਨਮਿੱਤ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 5 ਮਾਰਚ 2010 ਨੂੰ ਗੁਰਦੁਆਰਾ ਸਾਧ ਸੰਗਤ ਹਰੀਪੁਰਾ, ਅੰਮ੍ਰਿਤਸਰ ਵਿਖੇ ਹੋਵੇਗੀ।

ਮੈਡੀਕਲ ਪ੍ਰੈਕਟੀਸ਼ਨਰਜ਼ ਬਲਾਕ ਗੋਨਿਆਣਾ ਦਾ ਹੋਇਆ ਚੋਣ ਇਜਲਾਸ

ਗੋਨਿਆਣਾ ਮੰਡੀ, 4 ਮਾਰਚ (ਸਤਪਾਲ ਬਾਂਸਲ)-ਸਥਾਨਕ ਸ਼ਹਿਰ ਗੋਨਿਆਣਾ ਮੰਡੀ ਦੇ ਸਿਟੀ ਪੈਲੇਸ ਵਿੱਚ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਗੋਨਿਆਣਾ ਦਾ ਚੋਣ ਇਜਲਾਸ ਹੋਇਆ। ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਡਾ. ਜਗਤਾਰ ਸਿੰਘ, ਵਾਇਸ ਪ੍ਰਧਾਨ ਬੂਟਾ ਸਿੰਘ, ਜਨਰਲ ਸਕੱਤਰ ਡਾ. ਮੇਵਾ ਸਿੰਘ, ਡਾ. ਨਛੱਤਰ ਸਿੰਘ, ਡਾ. ਹਰਦੇਵ ਸ਼ਰਮਾ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਸ. ਰਾਮ ਪਾਲ ਨੇ ਸਾਲ ਦੀਆਂ ਗਤੀਵਿਧੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਇਸ ਇਜਲਾਸ ਵਿੱਚ ਬਲਾਕ ਪ੍ਰਧਾਨ ਡਾ. ਹਰਨੇਕ ਸਿੰਘ ਨੇ ਆਪਣੇ ਭਾਸ਼ਣ ਵਿੱਚ ਹਰੇਕ ਮੈਂਬਰ ਸਾਥੀ ਨੂੰ ਨਸ਼ਾ ਮੁਕਤ, ਭਰੂਣ ਹੱਤਿਆ ਅਤੇ ਗੈਰ-ਕਾਨੂੰਨੀ ਪ੍ਰੈਕਟਿਸ ਕਰਨ ਤੋਂ ਵਰਜਿਆ। ਮੀਟਿੰਗ ਦੌਰਾਨ ਲੱਗਭੱਗ 80 ਮੈਂਬਰਾਂ ਨੇ ਭਾਗ ਲਿਆ। ਡਾ. ਲਖਵਿੰਦਰ ਸਿੰਘ ਜੌਹਲ ਚੇਅਰਮੈਨ ਨੇ ਕਿਹਾ ਕਿ ਅਸੀਂ ਸਿਹਤ ਵਿਭਾਗ ਨੂੰ ਪੂਰੀ ਮਦਦ ਦੇ ਰਹੇ ਹਾਂ, ਫਿਰ ਵੀ ਐੱਸ.ਐੱਮ.ਓ. ਤੋਂ ਆਪਣਾ ਰੋਹਬ ਜਮਾਉਂਦੇ ਹਨ। ਇਨ੍ਹਾਂ ਨੇ ਇਹ ਵੀ ਕਿਹਾ ਕਿ ਅਸੀਂ ਐੱਨ.ਐੱਸ.ਵੀ.ਦੇ ਕੇਸ ਅੱਗੇ ਵੀ ਸਹਿਮਤੀ ਨਾਲ ਦੇ ਰਹੇ ਹਨ। ਜੇਕਰ ਇਸ ਤਰ੍ਹਾਂ ਕਰਨਗੇ ਤਾਂ ਕੇਸ ਨਹੀਂ ਦੇਵਾਂਗੇ। ਯੂਨੀਅਨ ਦੇ ਨਵੇਂ ਮੈਂਬਰਾਂ ਦੀ ਚੋਣ ਕੀਤੀ ਗਈ। ਪ੍ਰਧਾਨ ਡਾ. ਹਰਨੇਕ ਸਿੰਘ, ਵਾਇਸ ਪ੍ਰਧਾਨ ਡਾ. ਬਖਤੌਰ ਸਿੰਘ ਸਹਾਇਕ ਪ੍ਰਧਾਨ, ਡਾ. ਬਲਦੇਵ ਸਿੰਘ ਜਨਰਲ ਸਕੱਤਰ ਡਾ. ਰਾਮ ਪਾਲ ਸਿੰਘ, ਮੀਤ ਸਕੱਤਰ ਡਾ. ਲਖਵਿੰਦਰ ਸਿੰਘ, ਸਹਾਇਕ ਸਕੱਤਰ ਡਾ. ਗੁਰਤੇਜ ਸਿੰਘ, ਪ੍ਰੈੱਸ ਸਕੱਤਰ ਅਤੇ ਲਖਵਿੰਦਰ ਸਿੰਘ ਤੋਂ ਇਲਾਵਾ ਹੋਰ ਮੈਂਬਰਾਂ ਨੂੰ ਵੱਖ-ਵੱਖ ਅਹੁਦੇ ਦਿੱਤੇ ਗਏ।

ਕਿਸੇ ਵੀ ਕੀਮਤ ਤੇ ਮੁਹਾਲੀ ਦੀ ਗੰਦਗੀ ਪ੍ਰਸਤਾਵਿਤ ਡੰਪਿੰਗ ਗ੍ਰਾਉਂਡ ਵਿੱਚ ਨਹੀਂ ਸੁੱਟਣ ਦੇਵਾਂਗੇ : ਕਮੇਟੀ

ਮੋਹਾਲੀ 4 ਮਾਰਚ (ਵੀਨਾ ਰਾਜਪੂਤ) ਗਮਾਡਾ ਵਲੋਂ ਪਿੰਡ ਰਸਨਹੇੜੀ ਝੰਜੇੜੀ ਅਤੇ ਸਵਾੜਾ ਦੀ 58 ਏਕੜ ਜਮੀਨ ਵਿੱਚ ਪ੍ਰਸਤਾਵਿਤ ਡੰਪਿੰਗ ਗ੍ਰਾਉਂਡ ਦੀ ਉਸਾਰੀ ਸੰਬੰਧੀ ਲਏ ਗਏ ਫੈਸਲੇ ਦੇ ਵਿਰੁੱਧ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੇ ਐਲਾਨ ਕੀਤਾ ਹੈ ਕਿ ਉਹ ਆਪਣੇ ਪਿੰਡਾਂ ਦੀ ਇਸ ਥਾਂ ਤੇ ਕਿਸੇ ਵੀ ਕੀਮਤ ਤੇ ਮੁਹਾਲੀ ਸ਼ਹਿਰ ਦੀ ਗੰਦਗੀ ਨਹੀਂ ਸੁੱਟਣ ਦੇਣਗੇ। ਰਸਨਹੇੜੀ-ਸੁਆੜਾ ਡੰਪਿੰਗ ਗ੍ਰਾਉਂਡ ਰੋਕੋ ਸੰਘਰਸ਼ ਕਮੇਟੀ ਦੀ ਪ੍ਰਧਾਨ ਸ੍ਰੀ ਮਤੀ ਪਰਮਜੀਤ ਕੌਰ ਗਿੱਲ (ਐਡਵੋਕੇਟ) ਚੇਅਰਮੈਨ ਸ੍ਰ. ਹਰਿੰਦਰ ਪਾਲ ਸਿੰਘ ਬਿੱਲਾ (ਸਾਬਕਾ ਪ੍ਰਧਾਨ, ਮਿਉਂਸਪਲ ਕੌਂਸਲ ਮੁਹਾਲੀ), ਚੀਫ ਪੈਟਰਨ ਸ੍ਰ. ਗਿਆਨ ਸਿੰਘ ਅਤੇ ਜਨਰਲ ਸਕੱਤਰ ਸ੍ਰੀ ਕੁਲਦੀਪ ਸਿੰਘ ਨੇ ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਗਮਾਡਾ ਅਧਿਕਾਰੀ ਮੁਹਾਲੀ ਦੇ ਡੰਪਿੰਗ ਗ੍ਰਾਉਂਡ ਦੀ ਉਸਾਰੀ ਇਨ੍ਹਾਂ ਪਿੰਡਾਂ ਦੀ ਜਮੀਨ ਤੇ ਕਰਨ ਲਈ ਤਤਪਰ ਜਾਪਦੇ ਹਨ ਜਦੋਂ ਕਿ ਬੀਤੀ 8 ਜਨਵਰੀ ਨੂੰ ਪ੍ਰਦੂਸ਼ਨ ਕੰਟਰੋਲ ਬੋਰਡ ਦੇ ਅਧਿਕਾਰੀਆਂ ਵਲੋਂ ਕੀਤੀ ਗਈ ਇਤਰਾਜ਼ਾਂ ਦੀ ਜਨਤਕ ਸੁਣਵਾਈ ਮੌਕੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਵਸਨੀਕਾਂ ਅਤੇ ਸਮੂਹ ਰਾਜਨੀਤਿਕ ਪਾਰਟੀਆਂ ਦੇ ਆਗੂਆਂ (ਅਕਾਲੀ, ਕਾਂਗਰਸ, ਭਾਜਪਾ, ਬਹੁਜਨ ਸਮਾਜ ਪਾਰਟੀ ਅਤੇ ਹੋਰਨਾਂ ਪਾਰਟੀਆਂ ਨਾਲ ਸੰਬੰਧਿਤ) ਨੇ ਇੱਕ ਮੱਤ ਹੋ ਕੇ ਆਪਣਾ ਵਿਰੋਧ ਦਰਜ ਕਰਵਾਇਆ ਸੀ। ਇਸ ਮੌਕੇ ਕਿਸਾਨ ਯੂਨੀਅਨ ਦੇ ਆਗੂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਕੌਮੀ ਯੂਨੀਅਨ ਵਲੋਂ ਵੀ ਆਪਣੇ ਇਤਰਾਜ ਦਰਜ ਕਰਵਾਏ ਸੀ ਅਤੇ ਲੋਕਾਂ ਨੂੰ ਆਸ ਸੀ ਕਿ ਉਨ੍ਹਾਂ ਦੇ ਇਤਰਾਜ਼ਾਂ ਨੂੰ ਮੁੱਖ ਰੱਖਦੇ ਹੋਏ ਗਮਾਡਾ ਅਧਿਕਾਰੀ ਆਪਣੀ ਸੋਚ ਵਿੱਚ ਤਬਦੀਲੀ ਲਿਆਉਣਗੇ ਅਤੇ ਇਨ੍ਹਾਂ ਪਿੰਡਾਂ ਦੀ ਸੰਘਣੀ ਆਬਾਦੀ, ਇੱਥੇ ਨੇੜੇ ਬਣੇ ਬਹੁਤਕਨੀਕੀ ਅਤੇ ਇੰਜੀਨੀਅਰਿੰਗ ਕਾਲਜਾਂ, ਸੀਨੀਅਰ ਸੈਕੰਡਰੀ ਅਤੇ ਐਲੀਮੈਂਟਰੀ ਸਕੂਲਾਂ ਵਿੱਚ ਪੜ੍ਹਦੇ ਹਜਾਰਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਆਪਣਾ ਫੈਸਲਾ ਬਦਲਣਗੇ। ਉਨ੍ਹਾਂ ਕਿਹਾ ਕਿ ਇਸ ਪ੍ਰਸਤਾਵਿਤ ਥਾਂ ਨੇੜੇ ਬਹੁਤ ਸਾਰੇ ਗੁਰੂਘਰ ਮੰਦਰ, ਗੁਗਾ ਮਾੜੀ, ਪੀਰਖਾਨਾ, ਅਤੇ ਥੰਡਰ ਜੋਨ ਪਾਰਕ ਵੀ ਸਥਿਤ ਹੈ ਅਤੇ ਇਲਾਕੇ ਦੇ ਛੋਟੇ ਜਿੰਮੀਦਾਰ ਆਪਣੀ ਜਮੀਨ ਵਿੱਚ ਸਬਜੀਆਂ ਆਦਿ ਪੈਦਾ ਕਰਕੇ ਆਪਣੀ ਰੋਜੀ ਰੋਟੀ ਚਲਾਉਂਦੇ ਹਨ। ਉਨ੍ਹਾਂ ਕਿਹਾ ਕਿ ਗਮਾਡਾ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਉਹ ਮੁਹਾਲੀ ਸ਼ਹਿਰ ਤੋਂ ਨਿਕਲਦੇ ਕੂੜੇ ਦੀ ਸਾਂਭ ਸੰਭਾਲ ਲਈ 102 ਸੈਕਟਰ ਵਿੱਚ ਡੰਪਿੰਗ ਮੈਦਾਨ ਬਣਾਏ। ਉਨ੍ਹਾਂ ਪੰਜਾਬ ਸਰਕਾਰ ਨੂੰ ਸਪੱਸ਼ਟ ਚਿਤਾਵਨੀ ਦਿੱਤੀ ਹੈ ਕਿ ਕਿਸੇ ਕੀਮਤ ਤੇ ਮੁਹਾਲੀ ਸ਼ਹਿਰ ਦਾ ਗੰਦ ਇੱਥੇ ਨਹੀਂ ਸੁੱਟਣ ਦੇਣਗੇ ਅਤੇ ਇਸ ਕਾਰਵਾਈ ਨੂੰ ਹਰ ਹਾਲ ਵਿੱਚ, ਰੋਕਿਆ ਜਾਵੇਗਾ ਭਾਵੇਂ ਇਸ ਲਈ ਉਨ੍ਹਾਂ ਨੂੰ ਕੋਈ ਵੀ ਕੁਰਬਾਨੀ ਕਿਉਂ ਨਾ ਕਰਨੀ ਪਵੇ।

ਮੁੰਡਾ ਪਿੰਡ ਵਿਖੇ ਅੱਖਾਂ ਦਾ ਫਰੀ ਕੈਂਪ 7 ਨੂੰ

ਸਰਹਾਲੀ ਕਲਾਂ, ਨੌਸ਼ਹਿਰਾ, 4 ਮਾਰਚ (ਸੁਖਬੀਰ ਸੰਧੂ, ਗੁਰਮੀਤ)-ਇੱਥੋਂ ਲਾਗਲੇ ਪਿੰਡ ਵਿਖੇ ਮਾਤਾ ਕਰਦਾਰ ਕੌਰ ਦੀ ਮਿੱਠੀ ਯਾਦ ਨੂੰ ਸਮਰਪਿਤ ਇੱਕ ਫਰੀ ਮੈਡੀਕਲ ਕੈਂਪ ਮਿਤੀ 7 ਮਾਰਚ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਕੇ ਗਿਆਨੀ ਧਰਮ ਸਿੰਘ ਕੈਨੇਡਾ ਵਾਲਿਆਂ ਦੇ ਸਰਪ੍ਰਸਤੀ ਹੇਠ ਅਤੇ ਪਨੂੰ ਪਰਿਵਾਰ ਦੇ ਸਹਿਯੋਗ ਸਦਕਾ ਇਹ ਫਰੀ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ, ਜਿੱਥੇ ਕਿ ਵੱਖ-ਵੱਖ ਰੋਗਾਂ ਦੇ ਮਾਹਰ ਡਾਕਟਰ ਮਰੀਜ਼ਾਂ ਦਾ ਚੈੱਕਅੱਪ ਕਰਨਗੇ। ਇਹ ਜਾਣਕਾਰੀ ਪ੍ਰੈੱਸ ਨੂੰ ਰਿਲੀਜ਼ ਕਰਦਿਆਂ ਹਰਭਜਨ ਸਿੰਘ ਸੰਧੂ ਸੁਪਰਡੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਫਰੀ ਮੈਡੀਕਲ ਕੈਂਪ ਮਾਤਾ ਕਰਤਾਰ ਕੌਰ ਜੀ ਨੌਸ਼ਹਿਰਾ ਪੰਨੂਆਂ ਦੀ ਯਾਦ ਨੂੰ ਸਮਰਪਿਤ ਲਗਾਇਆ ਜਾ ਰਿਹਾ ਹੈ। ਜਿੱਥੇ ਕਿ ਅੱਖਾਂ ਦੇ ਮਾਹਿਰ ਡਾਕਟਰਮਰੀਜ਼ਾਂ ਦਾ ਚੈੱਕਅੱਪ ਕਰਕੇ ਉਨ੍ਹਾਂ ਦੇ ਅਪ੍ਰੇਸ਼ਨ ਕੀਤੇ ਜਾਣਗੇ, ਉਨ੍ਹਾਂ ਨੇ ਕਿਹਾ ਕਿ ਇਹ ਫਰੀ ਮੈਡੀਕਲ ਕੈਂਪ ਗਿਆਨੀ ਧਰਮ ਸਿੰਘ ਦੀ ਸਰਪ੍ਰਸਤੀਹੇ ਠ ਲਗਾਇਆਠ ਜਾ ਰਿਹਾ ਹੈ, ਜਿਸ ਵਿੱਚ ਪਨੂੰ ਪਰਿਵਾਰ ਕੈਡਨੇਡਾ ਵਾਲਿਆਂ ਦਾ ਵੀ ਸਹਿਯੋਗ ਲਿਆ ਜਾ ਰਿਹਾ ਹੈ।

ਮੈਡੀਕਲ ਸਟੋਰ ਵਿੱਚ ਚੋਰੀ, ਵਾਰਦਾਤਾਂ ਵਧੀਆਂ ਪ੍ਰਸ਼ਾਸਨ ਖਾਮੋਸ਼

ਬੁੱਲ੍ਹੋਵਾਲ, 4 ਮਾਰਚ (ਰਾਕੇਸ਼)- ਬੁੱਲ੍ਹੋਵਾਲ ਵਿੱਚ ਸਥਿਤ ਰਾਓ ਮੈਡੀਕਲ ਸਟੋਰ ਵਿਖੇ ਅਣਪਛਾਤੇ ਵਿਅਕਤੀਆਂ ਵੱਲੋਂ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੈਡੀਕਲ ਸਟੋਰ ਦੀ ਮਾਲਿਕ ਸ੍ਰੀਮਤੀ ਕਮਲਜੀਤ ਕੌਰ ਨ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਚੋਰਾਂ ਵੱਲੋ ਮੈਡੀਕਲ ਸਟੋਰ ਦੀ ਪਿਛਲੀ ਕੰਧ ਪਾੜ ਕੇ ਸਟੋਰ ਵਿੱਚ ਪਈਆਂ ਦਵਾਈਆਂ ਅਤੇ 3000 ਰੁਪਏ ਦੇ ਲੱਗਭੱਗ ਨਕਦੀ ਵੀ ਚੋਰੀ ਕਰ ਲਈ ਹੈ. ਇਸ ਸੰਬਧੀ ਉਨ੍ਹਾਂ ਨੇ ਬੱਲ੍ਹੋਵਾਲ ਕਸਬੇ ਵਿੱਚ ਨਿੱਤ ਤੋਂ ਨਿੱਤ ਨਵੀਆਂ ਘਟਨਾਵਾਂ ਵਾਪਰ ਰਹੀਆਂ ਹਨ। ਥੋੜ੍ਹੇ ਦਿਨ ਪਹਿਲਾਂ ਖੜਿਆਲਾ ਸੈਣੀਆਂ ਦੀ ਪੁਲੀ ਤੇ ਕੁਝ ਅਣਪਛਾਤੇ ਵਿਅਕਤੀਆਂ ਨੇ ਰਾਹਗੀਰਾਂ ਤੇ ਉਨ੍ਹਾਂ ਦਾ ਮੋਟਰ ਸਾਈਕਲ, ਮੋਬਾਇਲ ਫੋਨ ਤੇ ਪੈਸੇ ਖੋਹ ਕੇ ਲੜਕਿਆਂ ਦੇ ਸਿਰਾਂ ਉੱਤਾ ਰਾੜਾਂ ਦਾ ਵਾਰ ਕਰਕੇ ਫਰਾਰ ਹੋ ਗਏ ਸਨ। ਥੋੜ੍ਹੇ ਦਿਨ ਪਹਿਲਾਂ ਆਲੋਵਾਲ ਤੇ ਵੀ ਕਿਸੇ ਔਰਤ ਦੀਆਂ ਵਾਲੀਆਂ ਖੋਹ ਕੇ ਚੋਰ ਫਰਾਰ ਹੋ ਗਏ ਸਨ। ਇਸ ਤੋਂ ਇਲਾਵਾ ਬੁੱਲ੍ਹੋਵਾਲ ਕਸਬੇ ਵਿੱਚ ਹੋਰ ਵੀ ਬਹੁਤ ਸਾਰੀਆਂ ਵਾਰਦਾਤਾਂ ਹੋ ਚੁੱਕੀਆਂ ਹਨ ਤੇ ਦੁਕਾਨਾਂ ਵਿੱਚ ਚੋਰੀਆਂ ਹੋ ਚੁੱਕੀਆਂ ਹਨ ਪਰ ਅਜੇ ਤੱਕ ਚੋਰਾਂ ਦਾ ਕੋਈ ਥਹੁ ਪਤਾ ਨਹੀਂ ਚੱਲ ਸਕਿਆ। ਨਿੱਤ ਤੋਂ ਨਿੱਚ ਨਵੀਆਂ ਘਟਨਾਵਾਂ ਬੁੱਲ੍ਹੋਵਾਲ ਕਸਬੇ ਵਿੱਚ ਵਾਪਰ ਰਹੀਆਂ ਹਨ। ਰਾਤ ਸਮੇਂ ਬਿਨਾਂ ਨੰਬਰੀ ਮੋਟਰ ਸਾਈਕਲ ਹਥਿਆਰਾਂ ਨਾਲ ਲੈਸ ਮੁੰਡੇ ਸ਼ਰੇਆਮ ਬੁਲ੍ਹੋਵਾਲ ਕਸਬੇ ਵਿੱਚ ਘੁੰਮਦੇ ਨਜ਼ਰ ਆ ਰਹੇ ਹਨ। ਲੋਕਾਂ ਵਿੱਚ ਬਹੁਤ ਹੀ ਡਰ ਅਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਪਰ ਸਰਕਾਰ ਨੇ ਇਨ੍ਹਾਂ ਘਟਨਾਵਾਂ ਨੂੰ ਰੋਕਣ ਵਾਸਤੇ ਕੋਈ ਵੀ ਨਿਯਮ ਨਹੀਂ ਬਣਾਇਆ। ਬੁੱਲ੍ਹੋਵਾਲ ਕਸਬੇ ਅੰਦਰ ਦਿਨ ਭਰ ਦਿਨ ਇਨ੍ਹਾਂ ਹੋ ਰਹੀਆਂ ਵਾਰਦਾਤਾਂ ਵਿੱਚ ਵਾਧਾ ਹੋ ਰਿਹਾ ਹੈ। ਜਦੋਂ ਇਸ ਸੰਬੰਧ ਵਿੱਚ ਐੱਸ.ਐੱਸ.ਪੀ. ਪ੍ਰਮੋਦ ਬਾਲ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਵਾਰਦਾਤਾਂ ਨੂੰ ਜਲਦ ਤੋਂ ਜਲਦ ਰੋਕਿਆ ਜਾਵੇਗਾ ਅਤੇ ਵਾਰਦਾਤਾਂ ਕਰਨ ਵਾਲੇ ਵਿਅਕਤੀਆਂ ਦੇ ਵਿਰੁੱਧ ਸਖ਼ਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

ਜਨਮ ਦਿਨ ਮੁਬਾਰਕ

ਖੁਸ਼ਬੂ ਥਾਪਰ
ਪਿੰਡ ਕਿਲਾਰਾਏਪੁਰ

ਇਸ਼ਤਿਹਾਰਾਂ ਸਬੰਧੀ ਜ਼ਰੂਰੀ ਬੇਨਤੀ

'ਅੱਜ ਦੀ ਆਵਾਜ਼' ਦੀ ਮੈਨੇਜਮੈਂਟ ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਸੰਪਾਦਕ, ਪ੍ਰਕਾਸ਼ਕ ਤੇ ਪ੍ਰਿੰਟਰ ਗੁਰਦੀਪ ਸਿੰਘ ਨੇ 'ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ' ਜਲੰਧਰ ਲਈ ਮੈਸ: ਨਿਊ ਦਸ਼ਮੇਸ਼ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ 178-179, ਰਣਜੀਤ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕ - ਗੁਰਦੀਪ ਸਿੰਘ
ਕਾਰਜਕਾਰੀ ਸੰਪਾਦਕ - ਬਲਜੀਤ ਸਿੰਘ ਬਰਾੜ

RNI Regd. No. 46843/90, Postel Regd. No. PB/0007/09-2011
ਟੈਲੀਫੋਨ ਨੰ. 0181- 4626370-2235707 ਫੈਕਸ ਨੰ. : 0181-2225427, 2235427
ਪੋਸਟ ਬਾਕਸ ਨੰ 46 info@ajdiawaaz.com

ਕਲਾਸੀਫਾਈਡ

CHANGE OF NAME

I, Jyoti W/o Buta Singh R/o H.No. 1, Mohan Vihar Near Ladhewali, Jalandhar have Changed my name from Jyoti to Mili.

I, Amanpreet Kaur W/o Mukesh Kumar Sheenhmar R/o V. Kalewal Lallian, P.O. Garhshankar (Hoshiarpur) have Changed my name as Amanpreet Kaur Sheenhmar.

I, Jagmohan Singh S/o Balvir Singh R/o Ward No. 5, Rawalpindi Road Garhshankar, Distt. Hoshiarpur have Changed my name to Jagmohan Singh Rana.

I, Tanuja D/o Jagmohan Singh R/o Ward No. 5, Rawalpindi Road Garhshankar, Distt. Hoshiarpur have Changed my name to Tanuja Rana.

I, Sumandip W/o Sh. Satvinder Singh Sohal R/o 13 L Model Town Hoshiarpur (PB) India have Changed my name from Sumandip to Sumandip Sohal. Concerned Note.

I, Rajinder Singh S/o Sukhdev Singh R/o V.P.O. Dhaliwal, Teh. Nakodar, Distt. Jalandhar have Changed my name from Rajinder Singh to Sarabjit Singh Alias Rajinder Singh. All Concerned Plesae Note.

I, Gurpal Singh S/o Gurnam Singh R/o Sotha (Muktsar) have Changed my name as Gurpal Singh Brar.

I, Baljit Kaur W/o Hardev Singh R/o V.P.O. Daduwal, Teh. Phillaur, Distt. Jalandhar have Changed my name Baljit Kaur to Surinder Kaur. Concerned Note.

I, Rupinder Kaur D/o Ajit Singh R/o Zira Road Kot-Ise-Khan (Moga) have Changed my name to Rupinder Kaur Samra.

I, Parwinder Kaur W/o Daljit Singh R/o V.P.O. Athouli, Teh. Phagwara, Distt. Kapurthala, Punjab have Changed my name to Parminder Kaur. Concerned Note.

I, Paramjit S/o Tulsi Ram R/o Mohalla Hakupura, Hadiabad, Phagwara (Kapurthala) have Changed my name to Paramjit Singh.

I, Kirandeep Mann D/o Tarsem Lal Mann (Now W/o Rahul Mohey) R/o Nangal Road, Near Bhogal Cold Store, Garhshankar (Hoshiarpur) have Changed my name as Kirandeep Mohey, After my marriage.

ਨਾਮ ਦੀ ਬਦਲੀ

ਮੈਂ ਜਸਬੀਰ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਪਿੰਡ ਲਾਲਚੀਆਂ, ਡਾਕਖਾਨਾ ਪਿੰਡੀ, ਤਹਿ. ਜਲਾਲਾਬਾਦ, ਜ਼ਿਲ੍ਹਾ ਫਿਰੋਜ਼ਪੁਰ ਨੇ ਆਪਣਾ ਨਾਮ ਬਦਲ ਕੇ ਜਸਬੀਰ ਸਿੰਘ ਸੋਢੀ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਸੋਨੂੰ ਰਾਣੀ ਪਤਨੀ ਮਨੀਸ਼ ਕੁਮਾਰ ਵਾਸੀ ਭਦੌੜ, ਤਹਿਸੀਲ ਤਪਾ (ਬਰਨਾਲਾ) ਨੇ ਆਪਣਾ ਨਾਂ ਬਦਲ ਕੇ ਭਾਵਨਾ ਸਿੰਗਲਾ ਰੱਖ ਲਿਆ ਹੈ।

ਮੈਂ ਮਨਦੀਪ ਕੌਰ ਸਿਵੀਆ ਪਤਨੀ ਸੁਖਜੀਤ ਸਿੰਘ ਗਰੇਵਾਲ ਵਾਸੀ ਲਲਤੋਂ ਖੁਰਦ, ਜ਼ਿਲ੍ਹਾ ਲੁਧਿਆਣਾ ਨੇ ਸ਼ਾਦੀ ਉਪਰੰਤ ਆਪਣਾ ਨਾਮ ਬਦਲ ਕੇ ਮਨਦੀਪ ਕੌਰ ਗਰੇਵਾਲ ਰੱਖ ਲਿਆ ਹੈ।

ਬੇਦਖਲੀ ਨੋਟਿਸ

ਮੈਂ ਚਮਨ ਲਾਲ ਪੁੱਤਰ ਸ੍ਰੀ ਪ੍ਰੀਤਮ ਦਾਸ ਵਾਸੀ ਪਿੰਡ ਨੂਰਪੁਰ ਕਲੋਨੀ, ਡਾਕ: ਨੂਰਪੁਰ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ ਤੇ ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਸ਼ੋਤਮ ਲਾਲ ਉਰਫ ਨੀਲਾ ਅਤੇ ਉਸ ਦੀ ਪਤਨੀ ਮਨਜੀਤ ਕੌਰ ਅਤੇ ਉਹਨਾਂ ਦੇ ਬੱਚੇ ਪ੍ਰੀਆ ਅਤੇ ਸ਼ੈਰੀ ਜੋ ਕੇ ਮੇਰੇ ਕਹਿਣੇ ਤੋਂ ਬਾਹਰ ਹਨ, ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਜੋ ਵੀ ਇਹਨਾਂ ਨਾਲ ਲੈਣ-ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਸਤਪਾਲ ਪੁੱਤਰ ਸ੍ਰੀ ਨਸੀਬ ਚੰਦ ਵਾਸੀ ਪਿੰਡ ਤੇ ਡਾਕਖਾਨਾ ਸਰਾਏ ਖਾਸ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ ਤੇ ਹਲਫੀਆ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਰਮੇਸ਼ ਕੁਮਾਰ ਅਤੇ ਉਸ ਦੀ ਪਤਨੀ ਮਨਦੀਪ ਅਤੇ ਲੜਕਾ ਸਨਦੀਪ ਕੁਮਾਰ ਅਤੇ ਉਸ ਦੀ ਪਤਨੀ ਦੀਪਤੀ ਦੱਤ ਉਰਫ਼ ਰਿੰਪੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਹਨਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਜੋ ਵੀ ਉਹਨਾਂ ਨਾਲ ਲੈਣ-ਦੇਣ ਕਰੇਗਾ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਆਮ ਸੂਚਨਾ

ਮੈਂ ਸੁਖਵਿੰਦਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਬੋਹਾ ਦੇ ਨਾਂ ਖਾਤਾ ਨੰਬਰ JD AP-31 ਤੇ ਚਲ ਰਹੇ ਖੇਤੀਬਾੜੀ ਕੁਨੈਕਸ਼ਨ ਨੂੰ ਜਸਵੀਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਬੋਹਾ ਆਪਣੇ ਨਾਂ ਕਰਵਾ ਰਿਹਾ ਹੈ। ਜੇ ਕਿਸੇ ਨੂੰ ਇਤਰਾਜ਼ ਹੋਵੇ 30 ਦਿਨ ਦੇ ਅੰਦਰ ਬਿਜਲੀ ਬੋਰਡ ਦਫ਼ਤਰ ਬੋਹਾ ਵਿਖੇ ਕਰ ਸਕਦਾ ਹੈ।

ਮੈਂ ਗੁਰਮੇਲ ਸਿੰਘ ਪੁੱਤਰ ਕ੍ਰਿਪਾਲ ਸਿੰਘ ਵਾਸੀ ਬੋਹਾ ਦੇ ਨਾਂ ਖਾਤਾ ਨੰਬਰ JD AP-31 ਤੇ ਚਲ ਰਹੇ ਖੇਤੀਬਾੜੀ ਕੁਨੈਕਸ਼ਨ ਨੂੰ ਜਸਵੰਤ ਕੌਰ ਪਤਨੀ ਗੁਰਮੇਲ ਸਿੰਘ ਵਾਸੀ ਬੋਹਾ ਆਪਣੇ ਨਾਂ ਕਰਵਾ ਰਹੀ ਹੈ। ਜੇ ਕਿਸੇ ਨੂੰ ਇਤਰਾਜ ਹੋਵੇ 30 ਦਿਨ ਦੇ ਅੰਦਰ ਬਿਜਲੀ ਬੋਰਡ ਦਫ਼ਤਰ ਬੋਹਾ ਵਿਖੇ ਕਰ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ B-509/ ਏ.ਪੀ. 10 ਬੀ.ਐਚ.ਪੀ. ਜੋ ਨਾਜਰ ਸਿੰਘ ਪੁੱਤਰ ਹਰਨਾਮ ਸਿੰਘ ਪਿੰਡ ਚਾਹਲਪੁਰ ਦੇ ਨਾਂ ਚਲਦਾ ਹੈ ਬਾਰੇ ਸਤਿਆ ਕੌਰ ਪਤਨੀ ਬੀਰਬਲ ਪਿੰਡ ਮੋਹਨਵਾਲ ਵਲੋਂ ਨਾਂ ਬਦਲੀ ਲਈ ਅਰਜੀ ਦਿੱਤੀ ਹੈ ਜੇ ਕਿਸੇ ਨੂੰ ਇਤਰਾਜ ਹੋਵੇ ਤਾਂ ਪੰਦਰਾਂ ਦਿਨਾਂ ਦੇ ਅੰਦਰ ਦਫ਼ਤਰ ਉਪ ਮੰਡਲ ਅਫਸਰ ਪੰ:ਰਾ:ਬਿ: ਬੋਰਡ ਗੜ੍ਹਸ਼ੰਕਰ ਵਿਖੇ ਕਰ ਸਕਦਾ ਹੈ।

ਆਮ ਸੂਚਨਾ

ਇੱਕ AP ਦੀ ਅਰਜੀ A/A No. 4645 ਮਿਤੀ 8/8/90 ਜੋ ਕਿ ਮਹਿੰਦਰ ਸਿੰਘ ਪੁੱਤਰ ਗੰਡਾ ਸਿੰਘ ਚੌਕੇ ਦੇ ਨਾਮ ਤੇ ਹੈ। ਉਨ੍ਹਾਂ ਦੀ ਮੌਤ ਹੋਣ ਕਾਰਨ ਉਨ੍ਹਾਂ ਦੇ ਸਪੁੱਤਰ ਦਰਸ਼ਨ ਸਿੰਘ ਪੁੱਤਰ ਮਹਿੰਦਰ ਸਿੰਘ ਚੌਕੇ ਦੇ ਨਾਮ ਕਰਨ ਲਈ ਅਰਜੀ ਆਈ ਹੈ। ਜੇਕਰ ਕਿਸੇ ਨੂੰ ਇਤਰਾਜ ਹੈ ਤਾਂ 15 ਦਿਨਾਂ ਦੇ ਵਿੱਚ ਲਿਖਤੀ ਤੌਰ 'ਤੇ ਦਿਹਾਤੀ ਉਪ ਮੰਡਲ ਮੌੜ ਵਿਖੇ ਕਰ ਸਕਦਾ ਹੈ। ਉਸ ਤੋਂ ਬਾਅਦ ਨਾਮ ਬਦਲ ਦਿੱਤਾ ਜਾਵੇਗਾ।

ਸਹੀ/-
ਸਹਾਇਕ ਕਾਰਜਕਾਰੀ ਇੰਜੀਨੀਅਰ
ਅਰਧ ਸ਼ਹਿਰੀ ਉਪ ਮੰਡਲ ਪੰ:ਰਾ:ਬਿ:ਬੋਰਡ ਮੌੜ।

ਪਾਲਸੀ ਗੁੰਮ

ਪੀਅਰਲੈਸ ਪਾਲਸੀ C 3208808, C 3208809, C 3208810, C 3208811, C 3208812 ਅਜੀਤ ਸਿੰਘ ਪੁੱਤਰ ਰਾਮ ਸਿੰਘ ਪਿੰਡ+ ਡਾਕਖਾਨਾ ਵੱਲਾ, ਅੰਮ੍ਰਿਤਸਰ ਗੁੰਮ ਹੈ।

ਪੀਅਰਲੈਸ ਪਾਲਸੀ C 0027247 ਅਜੀਤ ਸਿੰਘ ਪੁੱਤਰ ਹਰਨਾਮ ਸਿੰਘ ਪਿੰਡ ਲੋਹਾਰਾਂਵਾਲੀ, ਡਾਕਖਾਨਾ ਪਰਾਚਾ, ਗੁਰਦਾਸਪੁਰ ਗੁੰਮ ਹੈ।

ਪੀਅਰਲੈਸ ਪਾਲਸੀ C 0780699 ਦਲਬੀਰ ਸਿੰਘ ਪੁੱਤਰ ਸੁਰਜਨ ਸਿੰਘ ਪਿੰਡ ਲੋਹਾਰਕਾ ਕਲਾਂ, ਅੰਮ੍ਰਿਤਸਰ ਗੁੰਮ ਹੈ।

ਪੀਅਰਲੈਸ ਪਾਲਸੀ C 3208707, C 3208708, C 3208709, C 3208710, C 3208711 ਅਸ਼ੋਕ ਕੁਮਾਰ ਪੁੱਤਰ ਬਿਅੰਤ ਲਾਲ ਮਕਾਨ 4244/9 ਗਲੀ ਮੋਚੀਆ ਵਾਲੀ ਗੇਟ ਹਕੀਮਾ ਅੰਮ੍ਰਿਤਸਰ ਗੁੰਮ ਹੈ।

ਪੀਅਰਲੈਸ ਪਾਲਸੀ C 3208642, C 3208643 ਅਮਰੀਕ ਕੌਰ ਪੁੱਤਰੀ ਫੌਜਾ ਸਿੰਘ ਪਿੰਡ ਜਲੂਵਾਲ, ਅੰਮ੍ਰਿਤਸਰ ਗੁੰਮ ਹੈ।

ਪੀਅਰਲੈਸ ਪਾਲਸੀ C 3208300 ਸੁਰਿੰਦਰ ਕੌਰ ਪਤਨੀ ਬਲਕਾਰ ਸਿੰਘ ਪਿੰਡ ਤੇ ਡਾਕਖਾਨਾ ਖਾਨਪੁਰ ਅੰਮ੍ਰਿਤਸਰ ਗੁੰਮ ਹੈ।